# *Sikh Temple Sacramento*

## May 2008– June 2008

Guru Pyari Sadh Sangat Ji,

All are cordially invited to attend the Shaheedi Day celebration of Guru Arjan Dev Ji which is being celebrated by the Sikh Temple Sacramento on the 20th, 21st and 22nd of June, 2008. The Akhand Path and Langar Sewa will be performed by S. Rawel Singh, Bibi Surjit Kaur and their family. The "Simran Program" to be performed on the 20th & 21st of June from 6:30PM– 7:00PM. Please make it a point to attend.

The Martyrdom of Shri Guru Arjan Dev Ji is unique. He was a very sweet and gentle tempered person. He was fully devoted and fully resigned to God's Will. He gave his life to establish truth and obey the orders of his congregation.

Do attend the Shaheedi Divas, and earn the Guru's blessings.

President,

Balbir S. Dhillon

## News & Views

### 1. Vaisakhi Purb

The 309th birthday of the Khalsa was celebrated successfully on the 11th, 12th, 13th of April 2008, at the Sikh Temple Sacramento.

(i) Many Sikhs bathed in the sarovar of the Sikh Temple.
(ii) Amrit was prepared on the 12th of April at 6:30AM and 12 persons took Amrit.
(iii) The Kirtan Darbar and Kavi Darbar program on the evening of April 12th and the Nam Simran Program performed by the sangat on 11th & 12th of April 2008 were a complete success.
(iv) In the presence of five beloved ones, Nishan Sahib sewa was performed on the 13th of April 2008.

2. <u>Punjabi Sunday School Cultural Program</u>
   I. The Sunday School Cultural Program will be celebrated on June 1, 2008 between 3:00PM – 8:00PM at the Crest Theater in Sacramento. Tickets at a cost of $3/ticket may be obtained prior to this event from Pritam S. Thind & Gurdip Singh Rehal.
   II. The Cultural Program practice will be on May 6, 13, 20, and 27 in Yolo High School at 1:00PM – 4:00PM.

3. The current session of Sunday School classes ends on 1ist of June and the next session will start on September 14, 2008. Its Registration will begin on August 24, 2008.

4. Sunday School picnic will be on June 8, 2008 at Oke Park from 11AM – 3PM.
5. There will be a three-day Gurmat Camp at Sly Park in the last week of September 2008. For more information, please contact Jatinder Singh Hundal or Pritam Singh Thind.

6. Election/selection of the Management Committee was held on April 6, 2008 at 12:15pm for the 2008-2010 term. President, Balbir S. Dhillon shared achievements of the last two years with the congregation and thereafter requested to S. Gurdeep S. Rehal, chairman of the election/selection committee, to take over the stage. Unanimously by the sangat, Balbir S. Dhillon was selected as the President of the Management Committee. Also, the existing committee was asked to continue for the next two years 2008-2010.

7. Ladies do Sukhmani Sahib Path in the upper hall on every first Saturday of the month from 9:00AM – 10:30 AM.

8. The Management Committee meets the last Sunday of every month at 8:30AM.

9. Please turn off your cell phones before entering in the Darbar Hall as a courtesy to the sangat.

10. The internet address of the Sikh Temple is: www.sikhtemple.org.

ੴ ਸਤਿਗੁਰ ਪ੍ਰਸਾਦਿ ॥

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਿਹ॥

ਸੰਮੂਹ ਸੰਗਤਾਂ ਨੂੰ ਸਤਿਕਾਰ ਸਹਿਤ ਸੂਚਿਤ ਕੀਤਾ ਜਾਂਦਾ ਹੈ ਕਿ ਗੁਰਦੁਵਾਰਾ ਸੈਕਰਾਮੈਂਟੋ ਵਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ, 20,21 ਅਤੇ 22 ਜੂਨ, 2008, ਦਿਨ ਸ਼ੁੱਕਰਵਾਰ, ਸ਼ਨਿੱਚਰਵਾਰ ਅਤੇ ਐਤਵਾਰ ਨੂੰ ਮੰਨਾਇਆ ਜਾ ਰਿਹਾ ਹੈ। ਜੂਨ 20 ਅਤੇ 21 ਸ਼ਾਮ ਨੂੰ 6:30-7:00 ਵਜੇ ਤਕ ਨਾਮ ਸਿਮਰਨ ਵੀ ਹੋਵੇਗਾ। ਸ੍ਰੀ ਅਖੰਡ ਪਾਠ ਸ਼ੁੱਕਰਵਾਰ 20 ਜੂਨ ਸਵੇਰੇ 10:30 ਆਰੰਭ ਹੋਣਗੇ ਅਤੇ ਇਸਦੇ ਭੋਗ ਐਤਵਾਰ 22 ਜੂਨ ਸਵੇਰੇ 9:45 ਵਜੇ ਪਾਏ ਜਾਣਗੇ। ਉਪਰੰਤ ਕੀਰਤਨ ਕਥਾ ਲੈਕਚਰ ਆਦਿ ਹੋਣਗੇ। ਸ੍ਰੀ ਅਖੰਡ ਪਾਠ ਤੇ ਲੰਗਰ ਆਦਿ ਦੀ ਸੇਵਾ ਸ੍ਰ. ਰਵੇਲ ਸਿੰਘ, ਬੀਬੀ ਸੁਰਜੀਤ ਕੌਰ ਤੇ ਉਨ੍ਹਾਂ ਦੇ ਸੰਮੂਹ ਪਰਵਾਰ ਵਲੋਂ ਹੋਵੇਗੀ। ਸੰਮੂਹ ਸੰਗਤ ਨੂੰ ਬੇਨਤੀ ਹੈ ਕਿ ਹੁੰਮ ਹੁੰਮਾ ਕੇ ਦਰਸ਼ਨ ਦੇ ਕੇ ਧੰਨਵਾਦੀ ਬ**ਣਾਉ।**

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਅਦੁਤੀ ਹੈ। ਆਪ ਜੀ ਸ਼ਹੀਦਾਂ ਦੇ ਸਿਰਤਾਜ ਹਨ। ਆਪ ਜੀ ਮਿਠ ਬੋਲੜੇ ਤੇ ਪ੍ਰਭੂ ਰਜ਼ਾ ਵਿਚ ਪ੍ਰਸੰਨ ਰਹਿਣ ਵਾਲੇ ਗੁਰੂ ਵਿਅਕਤੀ ਸਨ। ਗੁਰਬਾਣੀ ਦੇ ਜਹਾਜ ਸਨ ਅਤੇ ਉਚੇ ਸਚੇ ਕੋਮਲ ਭਾਵਾਂ ਵਾਲੇ ਹੋਣ ਦੇ ਬਾਵਜੂਦ ਆਪ ਜੀ ਨੇ ਸੰਗਤ ਦੇ ਹੁਕਮ ਦੀ ਪਾਲਣਾ ਵਜੋਂ ਸ਼ਹੀਦੀ ਦਿਤੀ। ਤੱਤੀ ਤਵੀ ਤੇ ਬੈਠੈ, ਸਿਰ ਤੇ ਤੱਤੀ ਰੇਤ ਪਵਾਈ। ਸਿਖੀ ਇਜਤ, ਸ਼ਾਨ ਨੂੰ ਕਾਇਮ ਰੱਖਿਆ। ਸੋ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਆਪਾਂ ਪੂਰੇ ਉਤਸ਼ਾਹ ਨਾਲ ਮੰਨਾਉਣਾ ਹੈ। ਹੁੰਮ ਹੁੰਮਾ ਕੇ ਪਹੁੰਚੋ ਜੀ। ਧੰਨਵਾਦੀ ਹੋਵਾਂਗੇ।

ਪ੍ਰਧਾਨ

**ਬਲਬੀਰ ਸਿੰਘ ਢਿੱਲੋਂ**

## ***ਜਰੂਰੀ ਸੂਚਨਾਵਾਂ:-***

### I. ਵਿਸਾਖੀ ਪੁਰਬ

ਖਾਲਸੇ ਦਾ 309ਵਾਂ ਸਾਜਨਾ ਦਿਵਸ ਗੁਰਦਵਾਰਾ ਸੈਕਰਾਮੈਂਟੋ ਨੇ ਬੜੀ ਧੂੰਮ ਧਾਮ ਨਾਲ ਮੰਨਾਇਆ। ਗੁਰਦਵਾਰਾ ਸਾਹਿਬ ਦੇ ਸਰੋਵਰ ਵਿੱਚ ਇਸ਼ਨਾਨ ਕਰਨ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਸੀ ਅਤੇ ਸ਼ਰਧਾਵਾਨ ਸਿਖਾਂ ਨੇ ਲਾਭ ਪ੍ਰਾਪਤ ਕੀਤਾ।

1. 12 ਅਪਰੈਲ 2008 ਦਿਨ ਸ਼ਨਿੱਚਰਵਾਰ ਨੂੰ ਅੰਮ੍ਰਿਤ ਵੇਲੇ ਅੰਮ੍ਰਿਤ ਸੰਚਾਰ ਕੀਤਾ ਗਿਆ ਅਤੇ 12 ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ।
2. 12 ਅਪਰੈਲ 2008 ਦਿਨ ਸ਼ਨਿੱਚਰਵਾਰ ਸ਼ਾਮ ਨੂੰ ਕੀਰਤਨ ਤੇ ਕਵੀ ਦਰਬਾਰ ਹੋਇਆ ਜੋ ਸਫਲ ਰਿਹਾ।।

3. ਨਿਸ਼ਾਨ ਸਾਹਿਬ ਦੀ ਸੇਵਾ ਪੰਜ ਪਿਆਰਿਆਂ ਦੀ ਅਗਵਾਈ ਹੇਠ 14 ਅਪਰੈਲ 2008 ਦਿਨ ਐਤਵਾਰ ਨੂੰ ਹੋਈ। ਇਸ ਦੀ ਸੇਵਾ ਸੇਵਕ ਪਰਵਾਰਾਂ ਵਲੋਂ ਹੋਈ।

**II.** ਹਰ ਮਹੀਨੇ ਦੇ ਪਹਿਲੇ ਸ਼ਨਿਚਰਵਾਰ ਨੂੰ ਉਪਰਲੇ ਹਾਲ ਵਿਚ ਸਵੇਰੇ 9:00 - 10:30 ਬੀਬੀਆਂ ਵਲੋਂ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਜਾਂਦੇ ਹਨ।

**III.** <u>ਪੰਜਾਬੀ ਸੰਡੇ ਸਕੂਲ ਕਲਚਰਲ ਪ੍ਰੋਗਰਾਮ</u>

1. ਪਿਛਲੇ ਸਾਲ ਵਾਂਗ ਇਹ ਪ੍ਰੋਗਰਾਮ ਡਾਊਨ ਟਾਊਨ ਸੈਕਰਾਮੈਂਟੋ ਦੇ ਕ੍ਰੈਸਟ ਥੀਏਟਰ ਵਿੱਚ 1 ਜੂਨ ਦਿਨ ਐਤਵਾਰ ਸ਼ਾਮ ਨੂੰ 3:00-8:00 ਵਜੇ ਤਕ ਹੋਵੇਗਾ। ਦਾਖਲਾ ਟਿਕਟ ਰਾਹੀਂ ($3.00/Tiket) ਹੋਵੇਗਾ। ਟਿਕਟਾਂ ਲਈ ਸ. ਪ੍ਰੀਤਮ ਸਿੰਘ ਥਿੰਦ, ਪ੍ਰਿੰਸੀਪਲ ਪੰਜਾਬੀ ਸਕੂਲ ਸਿੱਖ ਟੈਂਪਲ ਸੈਕਰਾਮੈਂਟੋ ਅਤੇ ਸ੍ਰ. ਗੁਰਦੀਪ ਸਿੰਘ ਰੇਹਲ ਤੋਂ ਮਿਲ ਸਕਦੀਆਂ ਹਨ।
2. ਕਰਚਰਲ ਪ੍ਰੋਗਰਾਮ ਦੀ ਪ੍ਰੈਕਟਿਸ ਮਈ 6, 13, 20 ਅਤੇ 27 ਨੂੰ ਯੋਲੋ ਹਾਈ ਸਕੂਲ ਵਿਚ 2:00 - 4:00 ਵਜੇ ਦੁਪਹਿਰ ਬਾਅਦ ਹੋਵੇਗੀ।
3. ਸੰਡੇ ਸਕੂਲ ਦਾ ਚਾਲੂ ਸ਼ੈਸ਼ਨ 1 ਜੂਨ ਨੂੰ ਬੰਦ ਹੋਵੇਗਾ ਅਤੇ ਅਗਲਾ ਸੈਸ਼ਨ ਦਾ 14 ਸਤੰਬਰ ਨੂੰ ਸ਼ੁਰੂ ਹੋਵੇਗਾ, ਰਜਿਸਟਰੇਸ਼ਨ ਅਗਸਤ 24,2008 , 26 ਨੂੰ ਸ਼ੁਰੂ ਹੋਵੇਗੀ।
4. ਸੰਡੇ ਸਕੂਲ ਪਿਕਨਿਕ 8 ਜੂਨ ਨੂੰ Oke Park ਵਿੱਚ 11Am-3PM ਨੂੰ ਹੋਵੇਗੀ।
5. ਇਕ ਤਿੰਨ ਦਿਨ ਦਾ ਗੁਰਮਤ ਕੈਂਪ ਸਤੰਬਰ ਦੇ ਆਖਰੀ ਹਫਤੇ Sly Park ਵਿਚ ਹੋਵੇਗਾ। ਵਧੀਕ ਜਾਣਕਾਰੀ ਲਈ ਜਤਿੰਦਰ ਸਿੰਘ ਹੁੰਦਲ ਜਾਂ ਪ੍ਰੀਤਮ ਸਿੰਘ ਥਿੰਦ ਨੂੰ ਮਿਲੋ।

**IV.** ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਸਵੇਰੇ 8:30AM 10:30AM ਵਜੈ ਤੱਕ ਹੁੰਦੀ ਹੈ।

**V.** ਗੁਰਦਵਾਰਾ ਸਾਹਿਬ ਦੇ ਦਰਬਾਰ ਹਾਲ ਅੰਦਰ ਦਾਖਲ ਹੋਣ ਤੋਂ ਪਹਿਲਾਂ ਆਪਣੇ ਟੈਲੀਫੋਨ ਜਰੂਰ ਬੰਦ ਕਰ ਲਿਆ ਕਰੋ ਜੀ।

**VI.** ਗੁਰਦਵਾਰਾ ਸਾਹਿਬ ਦੇ ਇੰਟਰਨੈੱਟ ਦਾ ਐਡਰੈੱਸ : **www.sikhtemple.org** ਹੈ।

**VII.** <u>ਗੁਰਦਵਾਰਾ ਕਮੇਟੀ ਦੀ ਚੋਣ</u>

ਗੁਰਦਵਾਰਾ ਸਾਹਿਬ, ਸਿਖ ਟੈਂਪਲ ਸੈਕਰਾਮੈਂਟੋ ਦੀ ਪ੍ਰਬੰਧਕ ਕਮੇਟੀ ਦੀ ਚੋਣ/ਸੀਲੈਕਸ਼ਨ 6 ਅਪਰੈਲ, 2008 ਦਿਨ ਐਤਵਾਰ ਨੂੰ 12:15 ਦੁਪਿਹਰ ਨੂੰ ਕੀਰਤਨ ਤੋਂ ਬਾਅਦ ਆਰੰਭ ਹੋਈ। ਪ੍ਰਧਾਨ ਸਾਹਿਬ, ਬਲਵੀਰ ਸਿੰਘ ਢਿੱਲੋਂ ਵਲੋਂ ਪਿਛਲੇ ਦੋ ਸਾਲਾਂ ਦੀਆਂ ਕੀਤੀਆਂ ਸੇਵਾਵਾਂ ਸਬੰਧੀ ਸੰਗਤ ਨੂੰ ਦੱਸਿਆ ਗਿਆ ਉਪਰੰਤ ਸ੍ਰ. ਗੁਰਦੀਪ ਸਿੰਘ ਰੇਹਲ, ਚੋਣ ਸੀਲੈਕਸ਼ਨ ਕਮੇਟੀ ਦੇ ਚੇਅਰਮੈਨ ਨੂੰ ਸਟੇਜ ਸੰਭਾਲ ਦਿੱਤੀ। ਸੰਗਤ ਨੇ ਸਰਬਸੰਮਤੀ ਨਾਲ ਸ੍ਰ. ਬਲਬੀਰ ਸਿੰਘ ਢਿੱਲੋਂ ਪ੍ਰਧਾਨ ਨੂੰ ਹੀ ਪਹਿਲੀ ਕਮੇਟੀ ਸਮੇਤ ਅਗਲੇ ਦੋ ਸਾਲਾਂ 2008-2010 ਲਈ ਸੇਵਾ ਸੰਭਾਲ ਦਿੱਤੀ